# Visit of Minister of State for External Affairs Shri V.Muraleedharan to South Sudan (October 20-22, 2021)

October 25, 2021

---

# ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੇਧਰਨ ਵੱਲੋਂ ਦੱਖਣੀ ਸੂਡਾਨ ਦੀ ਫੇਰੀ (20-22 ਅਕਤੂਬਰ, 2021)

**25 ਅਕਤੂਬਰ, 2021**

ਵਿਦੇਸ਼ ਅਤੇ ਸੰਸਦੀ ਮਾਮਲੇ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ [MoS (VM)] 20-22 ਅਕਤੂਬਰ, 2021 ਤੱਕ ਜੂਬਾ (ਦੱਖਣੀ ਸੁਡਾਨ) ਦੇ ਸਰਕਾਰੀ ਦੌਰੇ 'ਤੇ ਸਨ। ਪੰਜ ਸਾਲਾਂ ਤੋਂ ਵੱਧ ਸਮੇਂ ਦੌਰਾਨ ਇਹ ਭਾਰਤੀ ਪੱਖ ਵੱਲੋਂ ਦੱਖਣੀ ਸੁਡਾਨ ਦੀ ਪਹਿਲੀ ਫੇਰੀ ਹੈ।

2. MOS (VM) ਨੇ ਵਿਦੇਸ਼ ਮਾਮਲੇ ਅਤੇ ਆਲਮੀ ਸਹਿਕਾਰਤਾ ਮੰਤਰੀ ਮਾਨਯੋਗ ਸ਼੍ਰੀ ਮਯਿਇਕ ਅਯੀ ਡੇਂਗ ਨਾਲ ਮੁਲਾਕਾਤ ਕੀਤੀ। ਦੋਵਾਂ ਧਿਰਾਂ ਨੇ ਮੌਜੂਦਾ ਸਬੰਧਾਂ ਦੇ ਸਾਰੇ ਪਹਿਲੂਆਂ ਦੀ ਸਮੀਖਿਆ ਕੀਤੀ ਅਤੇ ਖੇਤੀਬਾੜੀ, ਪਸ਼ੂ ਪਾਲਣ, ਸਿੱਖਿਆ, ਸਿਹਤ ਸੰਭਾਲ ਅਤੇ ਆਈਟੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੀ ਇੱਛਾ ਪ੍ਰਗਟਾਈ।

3. ਦੱਖਣੀ ਸੂਡਾਨ ਨੂੰ ਬਿਪਦਾ ਲਚਕੀਲਾਪਨ ਬੁਨਿਆਦੀ ਢਾਂਚਾ ਗੱਠਜੋੜ (CDRI) ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ। ਦੱਖਣੀ ਸੂਡਾਨ ਦੀ ਸੰਸਦੀ ਮਾਮਲੇ ਮੰਤਰੀ ਸ਼੍ਰੀਮਤੀ ਮੈਰੀ ਨਵਾਈ ਮਾਰਟਿਨ ਨਾਲ ਹੋਈ ਮੀਟਿੰਗ ਵਿੱਚ.ਭਾਰਤ ਨੇ ਦੱਖਣੀ ਸੂਡਾਨ ਨੂੰ ਸੰਸਦੀ ਪ੍ਰਕਿਰਿਆਵਾਂ ਅਤੇ ਪ੍ਰਥਾਵਾਂ ਵਿਕਸਤ ਕਰਨ ਵਿੱਚ ਆਪਣੇ ਤਜ਼ਰਬੇ ਸਾਂਝੇ ਕਰਨ ਲਈ ਆਪਣੇ ਤਿਆਰ ਹੋਣ ਅਤੇ ਵੱਖ-ਵੱਖ ਸਮਰੱਥਾ ਨਿਰਮਾਣ ਸਿਖਲਾਈ ਕੋਰਸਾਂ ਦੀ ਪੇਸ਼ਕਸ਼ ਕੀਤੀ।

4. ਇਸ ਦੌਰੇ ਦੌਰਾਨ ਦੱਖਣੀ ਸੂਡਾਨ ਦੇ ਪਹਿਲੇ ਉਪ ਰਾਸ਼ਟਰਪਤੀ ਰੀਕ ਮਚਾਰ ਟੈਨੀ ਧੁਰਗੋਂ ਨਾਲ ਇੱਕ ਮੁਲਾਕਾਤ ਵੀ ਸ਼ਾਮਲ ਸੀ। MOS(VM) ਨੇ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੇ ਵਪਾਰ ਅਤੇ ਭਾਰਤੀ ਨਿਵੇਸ਼ ਦੇ ਵਾਧੇ ਦੀ ਅਣਵਰਤੀ ਸੰਭਾਵਨਾ ਵੱਲ ਧਿਆਨ ਦਿਵਾਇਆ ਅਤੇ ਦੱਖਣੀ ਸੁਡਾਨ ਅੰਦਰ ਭਾਰਤੀ ਉੱਦਮੀਆਂ ਨੂੰ ਦਰਪੇਸ਼ ਅੜਚਨਾਂ ਵੱਲ ਉਨ੍ਹਾਂ ਦਾ ਧਿਆਨ ਖਿੱਚਿਆ। ਮਹਾਮਹਿਮ ਰੀਕ ਮਚਾਰ ਨੇ ਦੱਖਣੀ ਸੁਡਾਨ ਅੰਦਰ ਭਾਰਤੀ ਨਿਵੇਸ਼ਕਾਂ ਨੂੰ ਨਿਵੇਸ਼ਕ ਅਨੁਕੂਲ ਮਾਹੌਲ ਦੇਣ ਦਾ ਭਰੋਸਾ ਦਿੱਤਾ।

5. ਦੱਖਣੀ ਸੂਡਾਨ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਸਲਵਾ ਕੀਰ ਮਾਯਾਰਦਿਤ ਨਾਲ ਹੋਈ ਮੁਲਾਕਾਤ ਦੌਰਾਨ ਭਾਰਤ ਵੱਲੋਂ ਦੱਖਣੀ ਸੂਡਾਨ ਅੰਦਰ ਟਕਰਾਅ ਦੇ ਹੱਲ ਬਾਰੇ ਮੁੜ ਸੁਰਜੀਤ ਸਮਝੌਤੇ (R-ARCSS) ਵਿੱਚ ਤਜਵੀਜ਼ ਕੀਤੀ ਗਈ ਮੌਜੂਦਾ ਸ਼ਾਂਤੀ ਪ੍ਰਕਿਰਿਆ ਪ੍ਰਤੀ ਆਪਣੀ ਹਿਮਾਇਤ ਦੁਹਰਾਈ ਗਈ। ਰਾਸ਼ਟਰਪਤੀ ਸਲਵਾ ਕੀਰ ਨੇ ਸਿਹਤ ਖੇਤਰ ਵਿੱਚ ਭਾਰਤ ਦੇ ਸਹਿਯੋਗ ਦੀ ਇੱਛਾ ਜ਼ਾਹਰ ਕੀਤੀ ਅਤੇ ਦੱਖਣੀ ਸੂਡਾਨ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਮੱਦੇਨਜ਼ਰ ਜੁਬਾ ਵਿੱਚ ਇੱਕ ਹਿੰਦੂ ਸ਼ਮਸ਼ਾਨਘਾਟ ਅਤੇ ਮੰਦਰ ਲਈ ਜ਼ਮੀਨ ਅਲਾਟ ਕਰਨ ਨੂੰ ਮਨਜ਼ੂਰੀ ਦੇਣ ਦਾ ਐਲਾਨ ਕੀਤਾ।

6. ਇਸ ਦੌਰੇ ਦੌਰਾਨ ਭਾਰਤੀ ਭਾਈਚਾਰੇ ਨਾਲ ਗੱਲਬਾਤ ਅਤੇ ਭਾਰਤੀ ਉੱਦਮੀਆਂ ਨਾਲ ਇੱਕ ਸਤਰ ਹੋਏ। MOS (VM) ਨੇ ਸੰਯੁਕਤ ਰਾਸ਼ਟਰ ਮਿਸ਼ਨ ਅਧੀਨ ਭਾਰਤੀ ਫੌਜ ਦੇ ਫੀਲਡ ਹਸਪਤਾਲ, BAPS ਹਿੰਦੂ ਮੰਦਰ ਅਤੇ ਡਾਟਰਜ਼ ਆਫ਼ ਮੈਰੀ ਇਮੈਕਿਊਲੇਟ (ਭਾਰਤੀ ਧਾਰਮਿਕ ਮੰਡਲੀ) ਇਮਾਰਤ ਦਾ ਦੌਰਾ ਵੀ ਕੀਤਾ। ਦੱਖਣੀ ਸੂਡਾਨ ਵਿੱਚ ਭਾਰਤੀ ਭਾਈਚਾਰੇ ਨੇ MOS (VM) ਦਾ ਤਹਿ ਦਿਲ ਤੋਂ ਸੁਆਗਤ ਕੀਤਾ ਅਤੇ ਇੰਨੇ ਸਾਲਾਂ ਬਾਅਦ ਕਿਸੇ ਭਾਰਤੀ ਮੰਤਰੀ ਨੂੰ ਉਥੇ ਮਿਲਣ 'ਤੇ ਖੁਸ਼ੀ ਮਹਿਸੂਸ ਕੀਤੀ।

7. MOS (VM) ਦਾ ਦੱਖਣੀ ਸੂਡਾਨ ਦਾ ਦੌਰਾ ਦੁਵੱਲੇ ਸਬੰਧਾਂ ਨੂੰ ਹੁਲਾਰਾ ਦੇਣ ਵੱਲ ਮਹੱਤਵਪੂਰਨ ਘਟਨਾਕ੍ਰਮ ਹੈ।

ਨਵੀਂ ਦਿੱਲੀ
25 ਅਕਤੂਬਰ, 2021

DISCLAIMER: This is an approximate translation. The original is available in English on MEA’s website and may be referred to as the official press release.